Employment Standards

# ਰੁਜ਼ਗਾਰ ਮਿਆਰ ਕਨੂੰਨ, 2000 (Employment Standards Act, 2000) ਤਹਿਤ ਤੁਹਾਡੇ ਹੱਕ

**ਬੇਦਾਅਵਾ**: ਇਸ ਵਸੀਲੇ ਨੂੰ *ਰੁਜ਼ਗਾਰ ਮਿਆਰ ਕਨੂੰਨ, 2000* (Employment Standards Act, 2000) (ESA) ਅਤੇ ਨਿਯਮਾਂ ਦੇ ਤਹਿਤ ਸਥਾਪਤ ਕੁਝ ਨਿਊਨਤਮ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਿਚ ਕਰਮਚਾਰੀਆਂ ਅਤੇ ਰੁਜ਼ਗਾਰਦਾਤਿਆਂ ਦੀ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਕਨੂੰਨੀ ਸਲਾਹ ਨਹੀਂ ਹੈ। ਇਸ ਦਾ ਉਦੇਸ਼ ESA ਜਾਂ ਨਿਯਮਾਂ ਦੀ ਥਾਂ ਲੈਣਾ ਨਹੀਂ ਹੈ ਅਤੇ ਕਨੂੰਨ ਦੇ ਸਰਕਾਰੀ ਰੂਪਾਂਤਰ ਨੂੰ ਹਮੇਸ਼ਾ ਦੇਖਣਾ ਜ਼ਰੂਰੀ ਹੈ। ਹਾਲਾਂਕਿ ਸਾਡੀ ਇਹ ਕੋਸ਼ਸ਼ ਰਹਿੰਦੀ ਹੈ ਕਿ ਵਸੀਲੇ ਵਿਚ ਵੱਧ ਤੋਂ ਵੱਧ ਤਾਜ਼ਾ ਅਤੇ ਸਹੀ ਜਾਣਕਾਰੀ ਹੋਵੇ, ਪਰ ਕਦੇ ਕਦਾਈਂ ਗਲਤੀਆਂ ਹੋ ਜਾਂਦੀਆਂ ਹਨ। ESA ਵਿਚ ਸਿਰਫ ਨਿਊਨਤਮ ਮਿਆਰ ਦਿੱਤੇ ਗਏ ਹਨ। ਰੁਜ਼ਗਾਰ ਸਬੰਧੀ ਇਕਰਾਰਨਾਮੇ, ਸਮੁਦਾਇਕ ਸਮਝੌਤੇ, ਸਾਂਝੇ ਕਨੂੰਨ ਜਾਂ ਕਿਸੇ ਦੂਜੇ ਕਨੂੰਨ ਦੇ ਤਹਿਤ ਕੁਝ ਕਰਮਚਾਰੀਆਂ ਕੋਲ ਵਾਧੂ ਹੱਕ ਹੋ ਸਕਦੇ ਹਨ। ਹੋ ਸਕਦਾ ਹੈ ਰੁਜ਼ਗਾਰਦਾਤਾ ਅਤੇ ਕਰਮਚਾਰੀ ਕਨੂੰਨੀ ਸਲਾਹ ਲੈਣਾ ਚਾਹੁਣ।

ਇਸ ਜਾਣਕਾਰੀ ਪੱਤਰ ਵਿਚ ਓਨਟਾਰਿਓ ਵਿਚ ਕੰਮ ਕਰ ਰਹੇ ਇੱਕ ਵਿਦੇਸ਼ੀ ਨਾਗਰਿਕ ਵਜੋਂ *ਰੁਜ਼ਗਾਰ ਮਿਆਰ ਕਨੂੰਨ, 2000* (Employment Standards Act, 2000) (ESA) ਤਹਿਤ ਤੁਹਾਡੇ ਹੱਕਾਂ ਦਾ ਸਾਰਾਂਸ਼ ਦਿੱਤਾ ਗਿਆ ਹੈ। ESA ਉਹ ਕਨੂੰਨ ਹੈ ਜੋ ਓਨਟਾਰਿਓ ਦੀਆਂ ਕੰਮ ਕਰਨ ਵਾਲੀਆਂ ਜ਼ਿਆਦਾਤਰ ਥਾਂਵਾਂ ਲਈ ਨਿਊਨਤਮ ਵੇਤਨ ਅਤੇ ਕੰਮ ਕਰਨ ਦੇ ਘੰਟਿਆਂ ਦੀਆਂ ਸੀਮਾਵਾਂ ਵਰਗੇ ਨਿਊਨਤਮ ਮਿਆਰ ਤੈਅ ਕਰਦਾ ਹੈ। ਕੁਝ ਕਰਮਚਾਰੀਆਂ ਲਈ ਵਿਸ਼ੇਸ਼ ਨਿਯਮ ਅਤੇ ਅਪਵਾਦ ਹੋ ਸਕਦੇ ਹਨ। ਹੋਰ ਜਾਣਕਾਰੀ ਲਈ ਕਿਰਪਾ ਕਰਕੇ Ontario.ca/ESAguide 'ਤੇ ਜਾਓ।

ਤੁਹਾਡੇ ਰੁਜ਼ਗਾਰਦਾਤਾ ਲਈ ਇਹ ਵੀ ਜ਼ਰੂਰੀ ਹੈ ਕਿ ਤੁਹਾਡੇ ਕਰਮਚਾਰੀ ਬਣਨ ਦੀ ਤਾਰੀਖ ਤੋਂ 30 ਦਿਨਾਂ ਦੇ ਅੰਦਰ ਤੁਹਾਨੂੰ *ਰੁਜ਼ਗਾਰ ਮਿਆਰ ਪੋਸਟਰ* (Employment Standards Poster) ਦੀ ਕਾਪੀ ਮੁਹੱਈਆ ਕਰੇ। ਤੁਸੀਂ ਉਸਦੇ ਅਨੁਵਾਦ ਵਾਲੇ ਰੂਪਾਂਤਰ ਦੀ ਮੰਗ ਵੀ ਕਰ ਸਕਦੇ ਹੋ ਅਤੇ ਜੇ ਉਹ *ਕਿਰਤ ਮੰਤਰਾਲੇ* (Ministry of Labour) ਕੋਲ ਉਪਲਬਧ ਹੋਵੇ ਤਾਂ ਤੁਹਾਡੇ ਰੁਜ਼ਗਾਰਦਾਤਾ ਲਈ ਜ਼ਰੂਰੀ ਹੈ ਕਿ ਅੰਗਰੇਜ਼ੀ ਵਾਲੀ ਕਾਪੀ ਦੇ ਨਾਲ ਨਾਲ ਉਹ ਇਹ ਅਨੁਵਾਦ ਵੀ ਤੁਹਾਨੂੰ ਮੁਹੱਈਆ ਕਰੇ। ਪੋਸਟਰ Ontario.ca/ESAposter ਵਿਖੇ ਉਪਲਬਧ ਹਨ।

# ਕੰਮ ਵਾਲੀ ਥਾਂ 'ਤੇ ਮੇਰੇ ਰੁਜ਼ਗਾਰ ਸਬੰਧੀ ਮਿਆਰ ਕੀ ਹਨ?

## ਤੁਹਾਡੇ ਵੇਤਨ ਦਾ ਨੇਮ ਨਾਲ ਭੁਗਤਾਨ ਅਤੇ ਵੇਤਨ ਸਟੇਟਮੈਂਟਾਂ

ਤੁਹਾਨੂੰ ਇੱਕ ਤੈਅ ਕੀਤੇ ਵੇਤਨ ਵਾਲੇ ਦਿਨ ਵੇਤਨ ਮਿਲਣਾ ਚਾਹੀਦਾ ਹੈ ਅਤੇ ਵੇਤਨ ਸਟੇਟਮੈਂਟ ਵੀ ਮਿਲਣੀ ਚਾਹੀਦੀ ਹੈ।

## ਕੰਮ ਕਰਨ ਦੇ ਘੰਟਿਆਂ ਦੀਆਂ ਸੀਮਾਵਾਂ ਅਤੇ ਖਾਣਾ ਖਾਉਣ ਦੇ ਅਰਸੇ

ਆਮ ਤੌਰ 'ਤੇ, ਤੁਹਾਨੂੰ ਦਿਨ ਵਿਚ 8 ਘੰਟਿਆਂ ਜਾਂ ਰੋਜ਼ਾਨਾ ਦੇ ਕੰਮ ਕਰਨ ਦੇ ਆਮ ਘੰਟਿਆਂ (ਜੇ ਉਹ 8 ਘੰਟਿਆਂ ਤੋਂ ਵੱਧ ਹਨ) ਜਾਂ ਹਫਤੇ ਵਿਚ 48 ਘੰਟਿਆਂ ਤੋਂ ਵੱਧ ਕੰਮ ਕਰਨ ਲਈ ਨਹੀਂ ਆਖਿਆ ਜਾ ਸਕਦਾ। ਜ਼ਿਆਦਾਤਰ ਕਰਮਚਾਰੀਆਂ ਨੂੰ ਹਰ ਰੋਜ਼ ਲਗਾਤਾਰ 11 ਘੰਟਿਆਂ ਦੀ ਕੰਮ ਤੋਂ ਛੁੱਟੀ ਅਤੇ ਹਰ ਹਫਤੇ 24 ਘੰਟੇ ਦੀ ਲਗਾਤਾਰ ਕੰਮ ਤੋਂ ਛੁੱਟੀ ਜਾਂ ਹਰ ਦੋ ਹਫਤਿਆਂ ਵਿਚ 48 ਘੰਟਿਆਂ ਦੀ ਲਗਾਤਾਰ ਕੰਮ ਤੋਂ ਛੁੱਟੀ ਦਾ ਹੱਕ ਹੁੰਦਾ ਹੈ। ਲਿਖਤੀ ਵਿਚ ਸਹਿਮਤੀ ਦੇ ਕੇ ਅਤੇ ਕੁਝ ਸ਼ਰਤਾਂ ਪੂਰੀਆਂ ਕਰਨ 'ਤੇ ਤੁਸੀਂ ਹੋਰ ਜ਼ਿਆਦਾ ਘੰਟਿਆਂ ਲਈ ਕੰਮ ਕਰ ਸਕਦੇ ਹੋ। ਖਾਣੇ ਲਈ 30 ਮਿੰਟ ਦੇ ਬ੍ਰੇਕ ਤੋਂ ਬਿਨਾਂ ਤੁਸੀਂ ਲਗਾਤਾਰ 5 ਘੰਟੇ ਤੋਂ ਵੱਧ ਕੰਮ ਨਹੀਂ ਕਰ ਸਕਦੇ।

## ਓਵਰਟਾਈਮ ਲਈ ਵੇਤਨ

ਜ਼ਿਆਦਾਤਰ ਕੰਮਾਂ ਲਈ ਓਵਰਟਾਈਮ ਹਫਤੇ ਵਿਚ 44 ਘੰਟਿਆਂ ਤੋਂ ਵਾਧੂ ਸਮੇਂ ਲਈ ਦਿੱਤਾ ਜਾਂਦਾ ਹੈ। ਉਵਰਟਾਈਮ ਲਈ ਵੇਤਨ ਦੀ ਦਰ ਸਧਾਰਨ ਦਰ ਦਾ ਘੱਟੋ-ਘੱਟ ਡੇਢ ਗੁਣਾ ਹੋਣੀ ਚਾਹੀਦੀ ਹੈ। ਓਵਰਟਾਈਮ ਬਾਰੇ ਅਤੇ ਕੰਮ ਦੇ ਘੰਟਿਆਂ ਦੀਆਂ ਸੀਮਾਵਾਂ ਅਤੇ ਭੋਜਨ ਦੇ ਅਰਸਿਆਂ ਬਾਰੇ ਹੋਰ ਜਾਣਕਾਰੀ ਤੁਹਾਨੂੰ Ontario.ca/hoursofwork ਵਿਖੇ ਮਿਲ ਸਕਦੀ ਹੈ।

## ਘੱਟੋ-ਘੱਟ ਵੇਤਨ

ਜ਼ਿਆਦਾਤਰ ਕਰਮਚਾਰੀ ਘੱਟੋ-ਘੱਟ ਵੇਤਨ ਦੇ ਭੁਗਤਾਨ ਦੇ ਹੱਕਦਾਰ ਹੁੰਦੇ ਹਨ। ਵੇਤਨ ਦੀਆਂ ਮੌਜੂਦਾ ਦਰਾਂ ਬਾਰੇ ਜਾਣਕਾਰੀ ਤੁਹਾਨੂੰ Ontario.ca/minimumwage. ਵਿਖੇ ਮਿਲ ਸਕਦੀ ਹੈ।

## ਵੇਤਨ ਸਮੇਤ ਛੁੱਟੀਆਂ

ਜ਼ਿਆਦਾਤਰ ਕਰਮਚਾਰੀ ਹਰ 12 ਮਹੀਨਿਆਂ ਬਾਅਦ ਦੋ ਹਫਤੇ ਦੀਆਂ ਛੁੱਟੀਆਂ, ਅਤੇ ਛੁੱਟੀਆਂ ਦੇ ਵੇਤਨ ਵਜੋਂ ਉਹਨਾਂ 12 ਮਹੀਨਿਆਂ ਦੇ ਦੌਰਾਨ ਕਮਾਈ ਗਈ ਕੁੱਲ ਉਜਰਤ ਦੇ ਘੱਟੋ-ਘੱਟ 4% ਦੇ ਹੱਕਦਾਰ ਹੁੰਦੇ ਹਨ।

## ਸਰਕਾਰੀ ਛੁੱਟੀਆਂ ਅਤੇ ਸਰਕਾਰੀ ਛੁੱਟੀ ਵਾਲੇ ਦਿਨ ਦਾ ਵੇਤਨ

ਓਨਟਾਰੀਓ ਵਿਚ ਹਰ ਸਾਲ ਨੌਂ ਸਰਕਾਰੀ ਛੁੱਟੀਆਂ ਹੁੰਦੀਆਂ ਹਨ। ਜ਼ਿਆਦਾਤਰ ਕਰਮਚਾਰੀਆਂ ਨੂੰ ਇਹਨਾਂ ਦਿਨਾਂ ਨੂੰ ਕੰਮ ਤੋਂ ਛੁੱਟੀ ਅਤੇ ਸਰਕਾਰੀ ਛੁੱਟੀ ਵਾਲੇ ਵੇਤਨ ਦੇ ਭੁਗਤਾਨ ਦਾ ਹੱਕ ਹੁੰਦਾ ਹੈ। ਸਰਕਾਰੀ ਛੁੱਟੀਆਂ ਬਾਰੇ ਹੋਰ ਜਾਣਕਾਰੀ ਲਈ Ontario.ca/publicholidays 'ਤੇ ਜਾਓ।

Ontario

## ਗੈਰਹਾਜ਼ਰ ਹੋਣ ਦੀ ਛੁੱਟੀ

ਗਰਭ, ਬੱਚਿਆਂ ਦੇ ਪਾਲਣ-ਪੋਸ਼ਣ, ਪਰਿਵਾਰਕ ਦੇਖਭਾਲ ਕਰਤਾ ਵਜੋਂ ਅਤੇ ਨਿੱਜੀ ਗੰਭੀਰ ਸਥਿਤੀ ਸਮੇਤ ਕਈ ਹਾਲਾਤ ਲਈ ਬਿਨਾਂ ਵੇਤਨ ਵਾਲੀਆਂ ਛੁੱਟੀਆਂ ਹੁੰਦੀਆਂ ਹਨ ਜਦੋਂ ਤੁਹਾਡੀ ਨੌਕਰੀ ਸੁਰੱਖਿਅਤ ਰਹਿੰਦੀ ਹੈ। ਯੋਗ ਕਰਮਚਾਰੀਆਂ ਨੂੰ ਨੌਕਰੀ ਸੁਰੱਖਿਅਤ ਰੱਖਦੇ ਹੋਏ ਬਿਨਾਂ ਵੇਤਨ ਛੁੱਟੀ ਲੈਣ ਦਾ ਹੱਕ ਹੁੰਦਾ ਹੈ ਭਾਵੇਂ ਤੁਸੀਂ ਫੁੱਲ-ਟਾਈਮ ਕਰਮਚਾਰੀ ਹੋਵੋ ਜਾਂ ਪਾਰਟ-ਟਾਈਮ, ਪੱਕੇ ਕਰਮਚਾਰੀ ਹੋਵੋ ਜਾਂ ਠੇਕੇ 'ਤੇ ਕੰਮ ਕਰਨ ਵਾਲੇ।

## ਸਮਾਪਤੀ ਨੋਟਿਸ ਅਤੇ/ਜਾਂ ਨੋਟਿਸ ਦੀ ਥਾਂ 'ਤੇ ਵੇਤਨ (ਜੇ ਤੁਸੀਂ ਘੱਟੋ-ਘੱਟ ਤਿੰਨ ਮਹੀਨਿਆਂ ਤੋਂ ਕੰਮ ਕਰ ਰਹੇ ਹੋ)

ਜੇ ਤੁਸੀਂ ਘੱਟੋ-ਘੱਟ ਤਿੰਨ ਮਹੀਨਿਆਂ ਲਈ ਨੌਕਰੀ ਕਰ ਰਹੇ ਹੋ ਅਤੇ ਜੇ ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਨਾਲ ਰੁਜ਼ਗਾਰ ਦੇ ਰਿਸ਼ਤੇ ਨੂੰ ਸਮਾਪਤ ਕਰਨਾ ਚਾਹੁੰਦਾ ਹੈ ਤਾਂ ਆਮ ਤੌਰ 'ਤੇ ਤੁਹਾਨੂੰ ਨੌਕਰੀ ਸਮਾਪਤੀ ਦਾ ਨੋਟਿਸ ਪ੍ਰਾਪਤ ਕਰਨ ਦਾ ਹੱਕ ਹੈ। ਤੁਹਾਨੂੰ ਇਹ ਨੋਟਿਸ ਤੁਹਾਡੇ ਕੰਮ ਕਰਨ ਦੇ ਅਰਸੇ ਦੌਰਾਨ ਮਿਲ ਸਕਦਾ ਹੈ, ਕੰਮ ਦੌਰਾਨ ਨੋਟਿਸ ਦੀ ਥਾਂ 'ਤੇ ਵੇਤਨ ਮਿਲ ਸਕਦਾ ਹੈ ਜਾਂ ਦੋਨਾਂ ਦਾ ਸੁਮੇਲ ਮਿਲ ਸਕਦਾ ਹੈ। ਆਮ ਤੌਰ 'ਤੇ ਤੁਹਾਨੂੰ ਮਿਲਣ ਵਾਲੇ ਨੋਟਿਸ ਦੀ ਘੱਟੋ-ਘੱਟ ਅਵਧੀ ਇੱਕ ਹਫਤੇ (ਜੇ ਤੁਸੀਂ ਘੱਟੋ-ਘੱਟ ਤਿੰਨ ਮਹੀਨਿਆਂ ਲਈ, ਪਰ ਇੱਕ ਸਾਲ ਤੋਂ ਘੱਟ ਅਰਸੇ ਤੋਂ ਨੌਕਰੀ ਕਰ ਰਹੇ ਹੋ) ਤੋਂ ਅੱਠ ਹਫਤੇ (ਜੇ ਤੁਸੀਂ ੪ ਸਾਲ ਜਾਂ ਵੱਧ ਅਰਸੇ ਤੋਂ ਕੰਮ ਕਰ ਰਹੇ ਹੋ) ਤਕ ਹੋ ਸਕਦੀ ਹੈ। ਇਹ ਪਤਾ ਲਗਾਉਣ ਲਈ ਕਿ ਤੁਸੀਂ ਸਮਾਪਤੀ ਨੋਟਿਸ ਜਾਂ ਵੇਤਨ ਦੇ ਹੱਕਦਾਰ ਹੋ ਜਾਂ ਨਹੀਂ, Ontario.ca/ESAtools ਵਿਖੇ ਉਪਲਬਧ ਸਮਾਪਤੀ ਸਾਧਨ (Termination Tool) ਨੂੰ ਅਜ਼ਮਾਉ।

## ESA ਤਹਿਤ ਆਪਣੇ ਹੱਕਾਂ ਬਾਰੇ ਪੁੱਛਣ ਜਾਂ ਉਹਨਾਂ ਦੀ ਵਰਤੋਂ ਕਾਰਨ ਤੁਹਾਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ

ਜੇ ਤੁਸੀਂ ESA ਦੇ ਤਹਿਤ ਆਪਣੇ ਹੱਕਾਂ ਬਾਰੇ ਪੁੱਛਦੇ ਹੋ ਜਾਂ ਆਪਣੇ ਹੱਕਾਂ ਦੀ ਮੰਗ ਕਰਦੇ ਹੋ ਤਾਂ ਤੁਹਾਡਾ ਰੁਜ਼ਗਾਰਦਾਤਾ ਕਿਸੇ ਵੀ ਤਰ੍ਹਾਂ ਦੀ ਕੋਈ ਸਜ਼ਾ ਤੁਹਾਨੂੰ ਨਹੀਂ ਦੇ ਸਕਦਾ ਜਿਸ ਵਿਚ ਤੁਹਾਡੇ ਨਾਲ ਰੁਜ਼ਗਾਰ ਦੇ ਰਿਸ਼ਤੇ ਨੂੰ ਖਤਮ ਕਰਨਾ ਵੀ ਸ਼ਾਮਲ ਹੈ। ESA ਤਹਿਤ ਹੱਕਾਂ ਬਾਰੇ ਸਵਾਲ ਪੁੱਛਣ ਜਾਂ ਹੱਕਾਂ ਦੀ ਵਰਤੋਂ ਕਰਨ 'ਤੇ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਦੰਡਿਤ ਨਾ ਕੀਤੇ ਜਾਣ ਦਾ ਤੁਹਾਨੂੰ ਹੱਕ ਹੈ।

## ਜੇ ਤੁਸੀਂ ਵਿਦੇਸ਼ੀ ਨਾਗਰਿਕ ਹੋ ਅਤੇ *ਵਿਦਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਨੂੰਨ, 2009* (Employment Protection for Foreign Nationals Act, 2009) ਦੇ ਤਹਿਤ ਹੋ

ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਨੂੰਨ, 2000 (Employment Protection for Foreign Nationals Act, 2009) (EPFNA) ਦੇ ਤਹਿਤ ਆਉਣ ਵਾਲੇ ਵਿਦੇਸ਼ੀ ਨਾਗਰਿਕ ਨੂੰ ਇਸ ਦਸਤਾਵੇਜ਼ ਦੇ ਨਾਲ ਨਾਲ EPFNA ਦੇ ਤਹਿਤ ਆਪਣੇ ਹੱਕਾਂ ਬਾਰੇ ਜਾਣਕਾਰੀ ਪੱਤਰ ਪ੍ਰਾਪਤ ਕਰਨ ਦਾ ਵੀ ਹੱਕ ਹੈ। ਜੇ ਤੁਹਾਡੀ ਮੁੱਖ ਭਾਸ਼ਾ ਅੰਗਰੇਜ਼ੀ ਨਹੀਂ ਹੈ ਤਾਂ ਤੁਹਾਡੇ ਰੁਜ਼ਗਾਰਦਾਤਾ ਜਾਂ ਭਰਤੀਕਰਤਾ ਲਈ ਇਹ ਪਤਾ ਲਗਾਉਣਾ ਜ਼ਰੂਰੀ ਹੈ ਕਿ ਤੁਹਾਡੀ ਭਾਸ਼ਾ ਵਿਚ ਇਹ ਜਾਣਕਾਰੀ ਉਪਲਬਧ ਹੈ ਜਾਂ ਨਹੀਂ, ਅਤੇ ਜੇ ਉਪਲਬਧ ਹੈ ਤਾਂ ਇਹ ਅਨੁਵਾਦ ਵੀ ਤੁਹਾਨੂੰ ਮੁਹੱਈਆ ਕਰੇ। ਹੋਰ ਜਾਣਕਾਰੀ ਲਈ ਕਿਰਪਾ ਕਰਕੇ Ontario.ca/EPFNA 'ਤੇ ਜਾਓ।

## ਜੇ ਤੁਸੀਂ ਕੋਈ ਸਵਾਲ ਪੁੱਛਣਾ ਚਾਹੁੰਦੇ ਹੋ ਜਾਂ ਕਲੇਮ ਕਰਨਾ ਚਾਹੁੰਦੇ ਹੋ

ਹੋਰ ਜਾਣਕਾਰੀ ਲਈ ਕਿਰਪਾ ਕਰਕੇ Ontario.ca/employmentstandards 'ਤੇ ਜਾਓ ਜਾਂ *ਰੁਜ਼ਗਾਰ ਮਿਆਰ ਜਾਣਕਾਰੀ ਕੇਂਦਰ* (Employment Standards Information Centre) ਨੂੰ (416) 326-7160 (ਟੋਲ-ਫ੍ਰੀ 1-800-531-5551) 'ਤੇ ਜਾਂ ਸੁਣਨ ਵਿਚ ਕਠਨਾਈ ਵਾਲੇ ਲੋਕਾਂ ਲਈ TTY 1-866-567-8893 'ਤੇ ਕਾਲ ਕਰੋ। ਜਾਣਕਾਰੀ ਕਈ ਭਾਸ਼ਾਵਾਂ ਵਿਚ ਉਪਲਬਧ ਹੈ।

ਜੇ ਤੁਹਾਡਾ ਵਿਸ਼ਵਾਸ ਹੈ ਕਿ ਤੁਹਾਨੂੰ ESA ਦੇ ਤਹਿਤ ਤੁਹਾਡੇ ਹੱਕ ਨਹੀਂ ਮਿਲੇ ਹਨ ਅਤੇ ਤੁਸੀਂ ਆਪਣਾ ਦਾਅਵਾ ਦਰਜ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਰੁਜ਼ਗਾਰ ਮਿਆਰ ਕਲੇਮ ਫਾਰਮ (Employment Standards Claim Form) ਔਨਲਾਈਨ Ontario.ca/ESAforms ਵਿਖੇ ਜਾਂ ਚੋਣਵੇਂ ਸਰਵਿਸ-ਓਨਟਾਰੀਓ ਕੇਂਦਰਾਂ (ServiceOntario Centres) ਵਿਖੇ ਪ੍ਰਾਪਤ ਕਰ ਸਕਦੇ ਹੋ। ਆਪਣੇ ਸਭ ਤੋਂ ਨਜ਼ਦੀਕੀ ਕੇਂਦਰ ਦਾ ਪਤਾ ਲਗਾਉਣ ਲਈ ਕਿਰਪਾ ਕਰਕੇ 1-800-267-8097 'ਤੇ ਕਾਲ ਕਰੋ। **ਕਿਰਪਾ ਕਰਕੇ ਨੋਟ ਕਰੋ ਕਿ ESA ਅਤੇ EPFNA ਤਹਿਤ ਕਲੇਮਾਂ ਲਈ ਵੱਖਰੇ ਫਾਰਮਾਂ ਦੀ ਵਰਤੋਂ ਕੀਤੀ ਜਾਂਦੀ ਹੈ।**

Ontario